Australian Government
Department of Social Services

# ਪਰਿਵਾਰਕ ਹਿੰਸਾ ਅਤੇ ਜੋੜੀਦਾਰ(ਪਾਰਟਨਰ) ਵੀਜ਼ੇ

## ਲੋਕ ਜੋ ਪਾਰਟਨਰ ਵੀਜ਼ੇ ਤੇ ਹਨ, ਉਹਨਾਂ ਨੂੰ ਆਸਟ੍ਰੇਲੀਆ ਵਿੱਚ ਟਿਕੇ ਰਹਿਣ ਲਈ ਅਪਮਾਨਜਨਕ ਮੁਹੌਲ/ਰਿਸ਼ਤੇ ਵਿੱਚ ਰਹਿਣ ਦੀ ਲੋੜ ਨਹੀਂ।

ਘਰੇਲੂ ਅਤੇ ਪਰਿਵਾਰਕ ਹਿੰਸਾ ਆਸਟ੍ਰੇਲੀਆ ਵਿੱਚ ਪ੍ਰਵਾਨ ਨਹੀਂ।

ਤੁਹਾਡਾ ਜੋੜੀਦਾਰ, ਪਰਿਵਾਰਕ ਮੈਂਬਰ ਜਾਂ ਫਿਰਕੇ ਦੇ ਦੂਜੇ ਲੋਕ ਤੁਹਾਡੇ ਵੀਜ਼ੇ ਦੀ ਸਥਿਤੀ ਨੂੰ ਖਤਰੇ ਚ ਨਹੀਂ ਪਾ ਸਕਦੇ।

ਜੇ ਤੁਹਾਡੇ ਕੋਲ (ਉਪ-ਸ਼੍ਰੇਣੀ 309 ਜਾਂ 820) ਆਰਜ਼ੀ ਪਾਰਟਨਰ ਵੀਜ਼ਾ ਹੈ ਜਾਂ (ਉਪ-ਸ਼੍ਰੇਣੀ 300) ਸੰਭਾਵੀ ਵਿਆਹ ਵਾਲਾ ਵੀਜ਼ਾ ਹੈ ਅਤੇ ਤੁਸੀਂ ਪਰਿਵਾਰਕ ਹਿੰਸਾ ਤੋਂ ਪੀੜਤ ਹੋ, ਅਤੇ ਤੁਹਾਡਾ ਨਾਤਾ ਟੁੱਟ ਚੁੱਕਾ ਹੈ ਤਾਂ ਆਸਟ੍ਰੇਲੀਆ ਦੇ ਪ੍ਰਵਾਸ ਕਾਨੂੰਨਾਂ ਵਿੱਚ ਵਿਵਸਥਾ ਹੈ ਜੋ ਤੁਹਾਨੂੰ (ਉਪ-ਸ਼੍ਰੇਣੀ 100 ਜਾਂ 801) ਸਥਾਈ ਪਾਰਟਨਰ ਵੀਜ਼ਾ ਅਰਜ਼ੀ ਤਹਿਤ ਟਿਕੇ ਰਹਿਣ ਦੀ ਆਗਿਆ ਦਿੰਦੀ ਹੈ।

ਜੇ ਤੁਸੀਂ ਜਾਂ ਕੋਈ ਐਸਾ ਵਿਅਕਤੀ ਜਿਸ ਨੂੰ ਤੁਸੀਂ ਜਾਣਦੇ ਹੋ, ਖਤਰੇ ਵਿੱਚ ਹੈ, ਤਾਂ ਪੁਲਿਸ ਨੂੰ **000** 'ਤੇ ਕਾੱਲ ਕਰੋ।

ਆਸਟ੍ਰੇਲੀਆ ਵਿੱਚ ਪੁਲਿਸ ਸੁਰੱਖਿਅਤ ਹੈ ਅਤੇ ਤੁਸੀਂ ਉਸ 'ਤੇ ਵਿਸ਼ਵਾਸ ਕਰ ਸਕਦੇ ਹੋ।

ਮੁਫ਼ਤ ਅਤੇ ਗੁਪਤ ਸਲਾਹਕਾਰੀ ਅਤੇ ਜਾਣਕਾਰੀ ਲਈ **1800 737 732** 'ਤੇ 1800RESPECT ਨੂੰ ਕਾੱਲ ਕਰੋ।

ਜੇ ਤੁਹਾਨੂੰ ਮੁਫ਼ਤ ਦੁਭਾਸ਼ੀਏ (interpreter) ਦੀ ਜ਼ਰੂਰਤ ਹੈ, ਤਾਂ **131 450** 'ਤੇ ਕਾੱਲ ਕਰੋ।

## ਆਸਟ੍ਰੇਲੀਅਨ ਸਰਕਾਰ (Australian Government) ਕਿਸੇ ਵੀ ਹਾਲਾਤ ਵਿੱਚ ਘਰੇਲੂ ਅਤੇ ਪਰਿਵਾਰਕ ਹਿੰਸਾ ਨੂੰ ਬਰਦਾਸ਼ਤ ਨਹੀਂ ਕਰਦੀ।

ਘਰੇਲੂ ਅਤੇ ਪਰਿਵਾਰਿਕ ਹਿੰਸਾ ਕਾਨੂੰਨ ਦੇ ਵਿਰੁੱਧ ਕੀਤੇ ਗਏ ਅਪਰਾਧ ਹਨ। ਕੋਈ ਵਿਅਕਤੀ ਜੋ ਘਰੇਲੂ ਜਾਂ ਪਰਿਵਾਰਕ ਹਿੰਸਾ ਕਰਦਾ ਹੈ, ਉਹ ਜੇਲ੍ਹ ਜਾ ਸਕਦਾ ਹੈ, ਭਾਵੇਂ ਉਹ ਆਦਮੀ ਹੈ ਜਾਂ ਔਰਤ।

ਘਰੇਲੂ ਅਤੇ ਪਰਿਵਾਰਿਕ ਹਿੰਸਾ ਅਜਿਹਾ ਵਿਵਹਾਰ ਜਾਂ ਧਮਕੀਆਂ ਹਨ ਜਿਸ ਦਾ ਮੰਤਵ ਆਪਣੇ ਜੋੜੀਦਾਰ ਨੂੰ ਉਸ ਦੀ ਸੁਰੱਖਿਆ ਜਾਂ ਸਲਾਮਤੀ ਦਾ ਡਰ ਪਾ ਕੇ ਵੱਸ ਵਿੱਚ ਰੱਖਣਾ ਹੈ।

## ਆਸਟ੍ਰੇਲੀਆ ਵਿੱਚ ਜੋ ਵੀ ਘਰੇਲੂ ਜਾਂ ਪਰਿਵਾਰਿਕ ਹਿੰਸਾ ਭੋਗ ਰਿਹਾ ਹੋਵੇ, ਸਹਿਯੋਗੀ ਸੇਵਾਵਾਂ ਦੀ ਮਦਦ ਲੈ ਸਕਦਾ ਹੈ।

ਭਾਵੇਂ ਤੁਹਾਡੇ ਕੋਲ ਕਿਸੇ ਵੀ ਹੈਸੀਅਤ ਦਾ ਵੀਜ਼ਾ ਹੋਵੇ, ਫਿਰ ਵੀ ਤੁਸੀਂ ਮਦਦ ਲੈ ਸਕਦੇ ਹੋ।

ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਰਿਸ਼ਤਾ ਖਤਮ ਹੋ ਚੁੱਕਾ ਹੈ ਜਾਂ ਨਹੀਂ - ਤੁਸੀਂ ਫਿਰ ਵੀ ਮਦਦ ਲੈ ਸਕਦੇ ਹੋ।

**1800RESPECT**, ਜਿਨਸੀ ਹਮਲੇ, ਪਰਿਵਾਰਕ ਤੇ ਘਰੇਲੂ ਹਿੰਸਾ ਸਬੰਧਤ, ਆਸਟ੍ਰੇਲੀਆ ਦੀ ਰਾਸ਼ਟਰੀ ਸਲਾਹਕਾਰੀ ਸੇਵਾ, ਹੈ।ਇਹ ਮੁਫਤ ਅਤੇ ਗੁਪਤ, ਟੈਲੀਫੋਨ ਅਤੇ ਆੱਨਲਾਈਨ, ਸਲਾਹ ਮਸ਼ਵਰਾ ਅਤੇ ਜਾਣਕਾਰੀ ਪ੍ਰਦਾਨ ਕਰਦੀ ਹੈ।ਸਲਾਹਕਾਰ ਤੁਹਾਨੂੰ ਸੁਣਦੇ ਹਨ, ਸਵਾਲਾਂ ਦੇ ਜਵਾਬ ਦਿੰਦੇ ਹਨ ਅਤੇ ਤੁਹਾਡੇ ਇਲਾਕੇ ਦੀਆਂ ਹੋਰ ਸਹਾਰਾ ਸੇਵਾਵਾਂ ਦੀ ਦੱਸ ਪਾਉਂਦੇ ਹਨ।

**1800 737 732** ਤੇ ਫੋਨ ਕਰੋ ਜਾਂ **www.1800RESPECT.org.au** ਤੇ, **1800RESPECT** ਦੀ ਵੈਬਸਾਈਟ ਤੇ ਜਾਉ।

## ਕੀ ਤੁਹਾਨੂੰ ਦੁਭਾਸ਼ੀਏ ਦੀ ਲੋੜ ਹੈ?

**131 450** ਤੇ **ਅਨੁਵਾਦ ਕਰਨ ਅਤੇ ਦੁਭਾਸ਼ੀਆ ਸੇਵਾ** (**Translating and Interpreting Service** (TIS)) ਨੂੰ ਫੋਨ ਕਰੋ।TIS ਦਾ ਇੱਕ ਦੁਭਾਸ਼ੀਆ ਤੁਹਾਨੂੰ ਲੋੜੀਂਦੀਆਂ ਸੇਵਾਵਾਂ ਨਾਲ ਗੱਲ ਕਰਾਉਣ ਵਿੱਚ ਮਦਦ ਕਰੇਗਾ, ਪਰ TIS ਸਲਾਹ ਮਸ਼ਵਰਾ ਨਹੀਂ ਦਿੰਦੀ।ਸਾਰੀਆਂ ਕਾਲਾਂ ਮੁਫਤ ਤੇ ਗੁਪਤ ਹੁੰਦੀਆਂ ਹਨ।

## ਜੇ ਤੁਹਾਡੇ ਕੋਲ ਵੀਜ਼ਾ ਹੈ, ਤਾਂ ਪਰਿਵਾਰਿਕ ਹਿੰਸਾ ਬਾਰੇ ਹੋਰ ਜਾਣਕਾਰੀ ਲਈ:

ਘਰੇਲੂ ਹਿੰਸਾ ਅਤੇ ਵੀਜ਼ਿਆਂ ਬਾਰੇ ਵਧੇਰੇ ਸੂਚਨਾ, ਗ੍ਰਹਿ ਵਿਭਾਗ ਦੀ ਵੈੱਬਸਾਈਟ **www.homeaffairs.gov.au**. ਤੇ ਉਪਲਬਧ ਹੈ।